ਡਾਇਰੈਕਟਰ ਜਨਰਲ ਸਕੂਲ ਸਿੱਖਿਆ, ਪੰਜਾਬ ਅਤੇ
ਸਟੇਟ ਪ੍ਰੋਜੈਕਟ ਡਾਇਰੈਟਰ, ਸਰਵ ਸਿੱਖਿਆ ਅਭਿਆਨ ਅਥਾਰਟੀ, ਪੰਜਾਬ
ਐਸ.ਸੀ.ਓ ਨੰ: 104-106, ਸੈਕਟਰ 34-ਏ, ਚੰਡੀਗੜ੍ਹ।

ਵੱਲ

1.ਸਮੂਹ ਜਿਲ੍ਹਾ ਸਿੱਖਿਆ ਅਫਸਰ(ਸੈ.ਸਿ)
ਪੰਜਾਬ।
2. ਰਾਜ ਦੇ ਸਮੂਹ ਸੀ. ਸੈਕੰ./ਹਾਈ ਸਕੂਲਾਂ ਦੇ ਮੁੱਖੀ (ਵੈਬਸਾਈਟ ਰਾਹੀਂ)

ਮੀਮੋ ਨੰ:ਡਿ.ਐਸ.ਪੀ.ਡੀ/ਐਸ.ਐਸ.ਏ/2010/45695
ਮਿਤੀ, ਚੰਡੀਗੜ੍ਹ : 07-07-2010

**ਵਿਸ਼ਾ:-** **9ਵੀਂ ਜਮਾਤ ਵਿੱਚ ਦਾਖਲਾ ਲੈਣ ਵਾਲੇ ਵਿਦਿਆਰਥੀਆਂ ਦੇ ਕੰਟੀਨਿਊਸ਼ਨ ਫੀਸ ਦੇ ਫਾਰਮ ਨਾ ਭਰਵਾਉਣ ਸੰਬੰਧੀ।**

1.0 ਉਕਤ ਵਿਸ਼ੇ ਵੱਲ ਧਿਆਨ ਦੇਣ ਦੀ ਖੇਚਲ ਕੀਤੀ ਜਾਵੇ ਜੀ।

2.0 ਉਪਰੋਕਤ ਵਿਸ਼ੇ ਸੰਬੰਧੀ ਮੁੱਖ ਦਫਤਰ ਨੂੰ ਇਹ ਸ਼ਿਕਾਇਤਾਂ ਪ੍ਰਾਪਤ ਹੋ ਰਹੀਆਂ ਹਨ ਕਿ ਅਧਿਆਪਕਾਂ ਵੱਲੋਂ 9ਵੀਂ ਜਮਾਤ ਵਿੱਚ ਦਾਖਲਾ ਲੈਣ ਵਾਲੇ ਵਿਦਿਆਰਥੀਆਂ ਤੋਂ ਕੰਟੀਨਿਊਸ਼ਨ ਫੀਸ ਸੰਬੰਧੀ ਫਾਰਮ ਹਾਲੇ ਵੀ ਭਰੇ ਜਾ ਰਹੇ ਹਨ ਜਦੋਂ ਕਿ ਪੰਜਾਬ ਸਕੂਲ ਸਿੱਖਿਆ ਬੋਰਡ ਵੱਲੋਂ 9ਵੀਂ ਜਮਾਤ ਦੇ ਵਿਦਿਆਰਥੀਆਂ ਲਈ ਕੰਟੀਨਿਊਸ਼ਨ ਫੀਸ ਨਾ ਲੈਣ ਦਾ ਫੈਸਲਾ ਕੀਤਾ ਜਾ ਚੁੱਕਾ ਹੈ।ਇਸ ਪ੍ਰੀਕ੍ਰਿਆ ਵਿੱਚ ਅਧਿਆਪਕਾਂ ਦਾ ਬਹੁਤ ਸਮਾਂ ਨਸ਼ਟ ਹੁੰਦਾ ਹੈ।ਇਸ ਲਈ ਇਹ ਹਦਾਇਤ ਕੀਤੀ ਜਾਂਦੀ ਹੈ ਕਿ ਕੰਟੀਨਿਊਸ਼ਨ ਫੀਸ ਸੰਬੰਧੀ 9ਵੀਂ ਜਮਾਤ ਦੇ ਵਿਦਿਆਰਥੀਆਂ ਦੇ ਫਾਰਮ ਨਾ ਭਰੇ ਜਾਣ ਅਤੇ ਇਸ ਕੰਮ ਲਈ ਕੋਈ ਵੀ ਸਮਾਂ ਖਰਾਬ ਨਾ ਕੀਤਾ ਜਾਵੇ। ਅਧਿਆਪਕਾਂ ਨੂੰ ਕਿਹਾ ਜਾਵੇ ਕਿ ਉਹ ਵੱਧ ਤੋਂ ਵੱਧ ਜਮਾਤਾਂ ਵਿੱਚ ਪੜ੍ਹਾਈ ਵੱਲ ਧਿਆਨ ਦੇਣ।

**ਡਾਇਰੈਕਟਰ ਜਨਰਲ ਸਕੂਲ ਸਿੱਖਿਆ**
**ਪੰਜਾਬ ਚੰਡੀਗੜ੍ਹ**

ਪਿੱਠ ਅੰਕਣ ਨੰ: ਮੀਮੋ ਨੰ:ਡਿ.ਐਸ.ਪੀ.ਡੀ/ਐਸ.ਐਸ.ਏ/2010/45696 ਮਿਤੀ, ਚੰਡੀਗੜ੍ਹ: 07-07-2010

ਉਪਰੋਕਤ ਦਾ ਉਤਾਰਾ ਚੇਅਰਮੈਨ, ਪੰਜਾਬ ਸਕੂਲ ਸਿੱਖਿਆ ਬੋਰਡ ਮੋਹਾਲੀ ਨੂੰ ਸੂਚਨਾ ਹਿੱਤ ਭੇਜਿਆ ਜਾਂਦਾ ਹੈ।

**ਡਾਇਰੈਕਟਰ ਜਨਰਲ ਸਕੂਲ ਸਿੱਖਿਆ**
**ਪੰਜਾਬ ਚੰਡੀਗੜ੍ਹ**